ਐਵਰੀ ਸਟੂਡੈਂਟ ਸਕਸੀਡਸ ਐਕਟ (ESSA) ਦਾ ਟਾਇਟਲ I, ਪਾਰਟ A ਵਿਦਿਆਰਥੀਆਂ ਦੀਆਂ ਵਿੱਦਿਅਕ ਲੋੜਾਂ ਪੂਰੀਆਂ ਕਰਨ ਲਈ ਰਾਜਾਂ ਅਤੇ ਸਥਾਨਕ ਵਿੱਦਿਅਕ ਏਜੰਸੀਆਂ (LEAs) ਨੂੰ ਵਿੱਤੀ ਮਦਦ ਮੁਹੱਈਆ ਕਰਦਾ ਹੈ। ਇਹ ਸਿੱਖਿਆ ਸਬੰਧੀ ਵਾਧੂ ਸਹਾਇਤਾ ਰਾਜ ਦੇ ਚੁਣੌਤੀਪੂਰਨ ਵਿੱਦਿਅਕ ਮਿਆਰਾਂ ਨੂੰ ਪੂਰਾ ਕਰਨ ਅਤੇ ਵਿੱਦਿਅਕ ਮੌਕਿਆਂ ਦਾ ਅੰਤਰ ਖ਼ਤਮ ਕਰਨ ਵਿੱਚ ਵਿਦਿਆਰਥੀਆਂ ਦੀ ਮਦਦ ਕਰਦੀ ਹੈ।



ਖੋਜ ਤੋਂ ਪਤਾ ਲੱਗਾ ਹੈ ਕਿ ਜਦੋਂ ਸਕੂਲ, ਪਰਿਵਾਰ, ਅਤੇ ਭਾਈਚਾਰਕ ਸਮੂਹ ਮਿਲ ਕੇ ਪੜ੍ਹਾਈ ਵਿੱਚ ਸਹਾਇਤਾ ਕਰਦੇ ਹਨ, ਤਾਂ ਸਕੂਲ ਵਿੱਚ ਬੱਚਿਆਂ ਦੇ ਬਿਹਤਰ ਪ੍ਰਦਰਸ਼ਨ ਕਰਨ, ਉਹਨਾਂ ਦੇ ਜ਼ਿਆਦਾ ਦੇਰ ਤੱਕ ਸਕੂਲ ਵਿੱਚ ਰਹਿਣ, ਅਤੇ ਸਕੂਲ ਨੂੰ ਜ਼ਿਆਦਾ ਪਸੰਦ ਕਰਨ ਦੀ ਸੰਭਾਵਨਾ ਹੁੰਦੀ ਹੈ


**Title I, Part A Office**
Office of Superintendent of Public Instruction
Old Capitol Building
PO Box 47200
Olympia, WA 98504-7200
360-725-6100

ਯੂ.ਐਸ. ਡਿਪਾਰਟਮੈਂਟ ਆਫ ਐਜੂਕੇਸ਼ਨ
1-800-USA-LEARN (872-5327)



ਓਐਸਪੀਆਈ (OSPI) ਲਿੰਗੀ ਪ੍ਰਗਟਾਅ ਜਾਂ ਪਹਿਚਾਣ, ਕਿਸੇ ਵੀ ਸੰਵੇਦਕ, ਮਾਨਸਿਕ ਜਾਂ ਸਰੀਰਿਕ ਅਯੋਗਤਾ ਦੀ ਮੌਜੂਦਗੀ ਜਾਂ ਅਪਾਹਿਜ ਵਿਅਕਤੀ ਦੁਆਰਾ ਸਿੱਖਿਅਤ ਕੁੱਤੇ ਦੀ ਗਾਈਡ ਦੇ ਤੌਰ 'ਤੇ ਵਰਤੋਂ ਜਾਂ ਕਿਸੇ ਜਾਨਵਰ ਦੀਆਂ ਸੇਵਾਵਾਂ ਦੀ ਵਰਤੋਂ ਸਮੇਤ ਲਿੰਗ, ਜਾਤੀ, ਮੱਤ, ਧਰਮ, ਰੰਗ, ਰਾਸ਼ਟਰੀ ਮੂਲ, ਉਮਰ, ਪ੍ਰਤਿਸ਼ਠਾਪੂਰਨ ਢੰਗ ਨਾਲ ਡਿਸਚਾਰਜ ਹੋਏ ਅਨੁਭਵੀ ਜਾਂ ਮਿਲਟ੍ਰੀ ਸਥਿਤੀ, ਜਿਨਸੀ ਰੁਝਾਨ ਦੇ ਆਧਾਰ 'ਤੇ ਭੇਦਭਾਵ ਤੋਂ ਬਿਨਾਂ ਸਾਰੇ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਬਰਾਬਰ ਪਹੁੰਚ ਪ੍ਰਦਾਨ ਕਰਦਾ ਹੈ। ਕਥਿਤ ਵਿਤਕਰੇ ਸਬੰਧੀ ਸਵਾਲ ਅਤੇ ਸ਼ਿਕਾਇਤਾਂ ਇਕੁਇਟੀ ਐਂਡ ਸਿਵਿਲ ਰਾਈਟਸ ਡਾਇਰੈਕਟਰ ਨੂੰ (360) 725-6162 'ਤੇ ਜਾਂ P.O. Box 47200 Olympia, WA 98504-7200 'ਤੇ ਭੇਜੇ ਜਾਣ


# ਫੈਮਿਲੀ ਗਾਈਡ

# ਟਾਇਟਲ I, ਪਾਰਟ A ਕੀ ਹੈ?





ਆਫਸਿ ਆਫ਼ ਸੁਪਰਨਿਟੈਂਡੈਂਟ ਆਫ਼ ਪਬਲਕਿ ਇੰਸਟ੍ਰਕਸ਼ਨ, ਟਾਇਟਲ/LAP ਵਭਿਾਗ

## ਟਾਇਟਲ I, ਪਾਰਟ A ਕਿਹੜੇ ਸਕੂਲਾਂ ਨੂੰ ਸੇਵਾ ਦਿੰਦਾ ਹੈ?

ਇਹ ਪ੍ਰੋਗਰਾਮ ਆਰੰਭਿਕ ਸਿੱਖਿਆ, ਪ੍ਰੀ-ਸਕੂਲ ਪ੍ਰੋਗਰਾਮਾਂ ਅਤੇ ਕਿੰਡਰਗਾਰਟਨ ਤੋਂ ਲੈ ਕੇ ਹਾਈ ਸਕੂਲ ਦੇ ਉਹਨਾਂ ਵਿਦਿਆਰਥੀਆਂ ਨੂੰ ਸੇਵਾਵਾਂ ਦਿੰਦਾ ਹੈ ਜਿਹਨਾਂ ਨੇ ਵਾਧੂ ਵਿੱਦਿਅਕ ਮਦਦ ਦੀ ਲੋੜ ਦਾ ਪ੍ਰਦਰਸ਼ਨ ਕੀਤਾ ਹੈ। ਟਾਇਟਲ I, ਪਾਰਟ A ਸੇਵਾਵਾਂ ਕਿਸੇ ਅਜਿਹੇ ਪ੍ਰਾਈਵੇਟ ਸਕੂਲ ਵਿੱਚ ਜਾਣ ਵਾਲੇ ਯੋਗ ਵਿਦਿਆਰਥੀਆਂ ਲਈ ਉਪਲਬਧ ਹਨ ਜਿਸ ਨੇ ਟਾਇਟਲ I, ਪਾਰਟ A ਪ੍ਰੋਗਰਾਮ ਵਿੱਚ ਭਾਗ ਲੈਣ ਲਈ ਬੇਨਤੀ ਕੀਤੀ ਹੈ।

## ਮਾਤਾ-ਪਿਤਾ ਅਤੇ ਪਰਿਵਾਰ

ਤੁਸੀਂ ਆਪਣੇ ਬੱਚੇ ਦੇ ਸਕੂਲ ਵਿੱਚ ਇੱਕ ਸਰਗਰਮ ਭਾਗੀਦਾਰ ਬਣ ਕੇ ਆਪਣੇ ਬੱਚੇ ਦੀ ਸਫ਼ਲਤਾ ਵਿੱਚ ਉਸਦੀ ਮਦਦ ਕਰ ਸਕਦੇ ਹੋ:

- ✓ **ਸੰਚਾਰ ਕਰੋ**: ਜਾਣਕਾਰੀ ਰੱਖਣਾ ਅਤੇ ਸਕੂਲ ਜਾਂ ਸਕੂਲ ਡਿਸਟ੍ਰਿਕਟ ਦੇ ਹਰ ਪੱਤਰ-ਵਿਹਾਰ ਦਾ ਤੁਰੰਤ ਜਵਾਬ ਦੇਣਾ।
- ✓ **ਇੱਕ ਉਦਾਹਰਨ ਬਣੋ**: ਪੜ੍ਹਨ, ਮਾਪਾ/ਅਧਿਆਪਕ ਕਾਨਫਰੰਸਾਂ ਵਿੱਚ ਜਾਣ ਅਤੇ "ਓਪਨ ਹਾਊਸਿਸ" ਵਿੱਚ ਸ਼ਾਮਿਲ ਹੋ ਕੇ ਆਪਣੇ ਬੱਚੇ ਨੂੰ ਇਹ ਦਿਖਾਉਣਾ ਕਿ ਸਿੱਖਿਆ ਮਹੱਤਵਪੂਰਨ ਹੈ।
- ✓ **ਵਲੰਟੀਅਰ ਬਣੋ**: ਆਪਣੇ ਬੱਚੇ ਦੇ ਸਕੂਲ ਵਿੱਚ ਵਲੰਟੀਅਰਿੰਗ (ਸਵੈ-ਸੇਵਾ) ਕਰਨਾ ਅਤੇ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਵਿੱਚ ਮਦਦ ਕਰਨਾ। ਸਕੂਲ ਵਿੱਚ ਮਾਪਿਆਂ ਦੀ ਸ਼ਮੂਲੀਅਤ ਵਾਲੀਆਂ ਗਤੀਵਿਧੀਆਂ ਵਿੱਚ ਭਾਗ ਲੈਣਾ ਅਤੇ ਉਹਨਾਂ ਦੀ ਮਦਦ ਕਰਨਾ।
- ✓ **ਸਿੱਖੋ**: ਕਲਾਸ ਦੇ ਕੰਮਾਂ, ਘਰ ਦੇ ਕੰਮਾਂ ਅਤੇ ਭਵਿੱਖ ਦੀਆਂ ਸਿੱਖਿਆ ਸਬੰਧੀ ਯੋਜਨਾਵਾਂ ਵਿੱਚ ਆਪਣੇ ਬੱਚੇ ਦੀ ਮਦਦ ਕਿਵੇਂ ਕੀਤੀ ਜਾਵੇ।
- ✓ **ਸ਼ਾਮਿਲ ਹੋਵੋ**: ਸਕੂਲ/ਮਾਪਿਆਂ ਦੇ ਸੰਗਠਨਾਂ, ਸਕੂਲ ਸੁਧਾਰ ਟੀਮਾਂ, ਟਾਇਟਲ I, ਪਾਰਟ A ਮਾਪਿਆਂ ਦੀਆਂ ਸਲਾਹਕਾਰ ਕੌਂਸਿਲਾਂ, ਅਤੇ ਮਾਪਿਆਂ ਦੀਆਂ ਹੋਰ ਕਮੇਟੀਆਂ ਨਾਲ ਜੁੜਣਾ
- ✓ **ਭਾਈਚਾਰੇ ਨੂੰ ਸਹਿਯੋਗ ਦੇਣਾ**: ਆਪਣੇ ਬੱਚੇ ਲਈ ਲੋੜੀਂਦੀਆਂ ਸੇਵਾਵਾਂ ਪ੍ਰਾਪਤ ਕਰਨ ਵਾਸਤੇ ਹੁਨਰ ਅਤੇ ਪ੍ਰਤਿਭਾਵਾਂ ਵਧਾਉਣ ਲਈ ਹੋਰ ਪਰਿਵਾਰਾਂ ਨਾਲ ਮਾਪਿਆਂ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣਾ, ਸਥਾਨਕ ਭਾਈਚਾਰਕ ਸਰੋਤਾਂ ਜਿਵੇਂ ਕਿ ਲਾਇਬ੍ਰੇਰੀਆਂ, ਯੂਨੀਵਰਸਿਟੀਆਂ, ਭਾਈਚਾਰਕ ਕੇਂਦਰਾਂ ਆਦਿ ਬਾਰੇ ਜਾਣਨਾ ਅਤੇ ਉਹਨਾਂ ਦੀ ਵਰਤੋਂ ਕਰਨਾ।



## ਟਾਇਟਲ I, ਪਾਰਟ A ਵਿੱਚ ਮੇਰੇ ਬੱਚੇ ਨੂੰ ਕੀ ਦਿੱਤਾ ਜਾਵੇਗਾ?

ਟਾਇਟਲ I, ਪਾਰਟ A ਇੱਕ ਫੈਡਰਲ ਪ੍ਰੋਗਰਾਮ ਹੈ ਜੋ ਵਾਧੂ ਸਿੱਖਿਆ ਸੰਬੰਧੀ ਸੇਵਾਵਾਂ ਅਤੇ ਗਤੀਵਿਧੀਆਂ ਮੁਹੱਈਆ ਕਰਦਾ ਹੈ। ਇਹ ਵਾਧੂ ਸਹਾਇਤਾ ਰਾਜ ਦੇ ਚੁਣੌਤੀਪੂਰਨ ਵਿੱਦਿਅਕ ਮਿਆਰਾਂ ਨੂੰ ਪੂਰਾ ਕਰਨ ਅਤੇ ਵਿੱਦਿਅਕ ਮੌਕਿਆਂ ਦਾ ਅੰਤਰ ਖ਼ਤਮ ਕਰਨ ਵਿੱਚ ਵਿਦਿਆਰਥੀਆਂ ਦੀ ਮਦਦ ਕਰਦੀ ਹੈ।

ਸਿੱਖਿਆ ਸਬੰਧੀ ਵਾਧੂ ਮਦਦ ਵਿੱਚ ਸ਼ਾਮਿਲ ਹੋ ਸਕਦਾ ਹੈ:

- ਉਹ ਪਾਠ-ਸਮੱਗਰੀ ਜੋ ਕਿਸੇ ਵਿਦਿਆਰਥੀ ਦੀ ਨਿਯਮਿਤ ਸਿੱਖਿਆ ਦੀ ਪੂਰਤੀ ਕਰਦੀ ਹੈ
- ਅਧਿਆਪਕ ਅਤੇ ਸਿੱਖਿਆ ਸਬੰਧੀ ਸਹਾਇਕ ਸਮੱਗਰੀ
- ਹਰੇਕ ਲਈ ਵੱਖ-ਵੱਖ ਸਿੱਖਿਆ ਜਾਂ ਛੋਟੇ ਸਮੂਹ ਵਿੱਚ ਸਿੱਖਿਆ
- ਸਿੱਖਣ ਵਿੱਚ ਵਾਧੂ ਮਦਦ ਕਰਨਾ

## ਸਕੂਲਾਂ ਨੂੰ ਟਾਇਟਲ I, ਪਾਰਟ A ਦੇ ਫੰਡ ਕਿਵੇਂ ਮਿਲਦੇ ਹਨ?

- ਪਹਿਲਾਂ, ਫੈਡਰਲ ਸਰਕਾਰ ਜਨਗਣਨਾ ਦੇ ਅੰਕੜਿਆਂ ਦੇ ਆਧਾਰ 'ਤੇ ਹਰ ਰਾਜ ਨੂੰ ਫੰਡਿੰਗ (ਧਨ) ਦਿੰਦੀ ਹੈ। ਫਿਰ, ਹਰ ਰਾਜ ਵਿੱਦਿਅਕ ਏਜੰਸੀ (SEA) ਆਪਣੀ ਸਥਾਨਕ ਵਿੱਦਿਅਕ ਏਜੰਸੀਆਂ (LEAs) ਨੂੰ ਧਨ ਦਿੰਦੀ ਹੈ। LEAs, ESSA ਟਾਇਟਲ I, ਪਾਰਟ A ਨਿਯਮਾਂ ਦੀ ਪਾਲਣਾ ਕਰਦੇ ਹੋਏ ਟਾਇਟਲ I, ਪਾਰਟ A ਦੀ ਫੰਡਿੰਗ ਲਈ ਯੋਗ ਸਕੂਲਾਂ ਦਾ ਨਿਰਧਾਰਨ ਕਰਦੀਆਂ ਹਨ।
- ਅੰਤ ਵਿੱਚ, ਹਰ LEA, ਸਕੂਲ ਦੇ ਮੁਫ਼ਤ ਅਤੇ ਘੱਟ ਲੰਚ ਪ੍ਰਤੀਸ਼ਤ ਦੇ ਆਧਾਰ 'ਤੇ, ਨਿਰਧਾਰਿਤ ਕਰਦੀ ਹੈ ਕਿ ਉਹਨਾਂ ਦੇ ਕਿਸ ਸਕੂਲ ਨੂੰ ਟਾਇਟਲ I, ਪਾਰਟ A ਪ੍ਰੋਗਰਾਮ ਸੇਵਾਵਾਂ ਮਿਲਣਗੀਆਂ। ਫਿਰ ਸਕੂਲ:

1. ਉਹਨਾਂ ਵਿਦਿਆਰਥੀਆਂ ਦੀ ਪਹਿਚਾਣ ਕਰਦਾ ਹੈ ਜਿਹਨਾਂ ਨੂੰ ਲੋੜੀਂਦੇ ਮਾਪਦੰਡ ਦੇ ਆਧਾਰ 'ਤੇ ਵਾਧੂ ਵਿੱਦਿਅਕ ਮਦਦ ਦੀ ਲੋੜ ਹੈ। ਟਾਇਟਲ I, ਪਾਰਟ A ਸੇਵਾਵਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਘੱਟ-ਆਮਦਨ ਵਾਲੇ ਪਰਿਵਾਰਾਂ ਤੋਂ ਹੋਣਾ ਜ਼ਰੂਰੀ ਨਹੀਂ ਹੈ।
2. ਆਪਣੇ ਸਕੂਲ ਵਿੱਚ ਵਿੱਦਿਅਕ ਤੌਰ 'ਤੇ ਪਿਛੜੇ ਵਿਦਿਆਰਥੀਆਂ ਦੇ ਹੁਨਰ ਸੁਧਾਰਨ ਲਈ ਟੀਚੇ ਤੈਅ ਕਰੇਗਾ।
3. ਨਿਯਮਿਤ ਜਮਾਤ ਵਿੱਚ ਸਿੱਖਿਆ ਵਿੱਚ ਮਦਦ ਕਰਨ/ਇਸਦੀ ਪੂਰਤੀ ਕਰਨ ਲਈ ਹਰੇਕ ਵਿਦਿਆਰਥੀ ਲਈ ਪ੍ਰੋਗਰਾਮ ਤਿਆਰ ਕਰੇਗਾ।
4. ਹਰ ਵਿਦਿਅਰਥੀ ਲਈ ਟਾਇਟਲ I, ਪਾਰਟ A ਪ੍ਰੋਗਰਾਮ ਦੀ ਸਫ਼ਲਤਾ ਨਿਰਧਾਰਿਤ ਕਰਨ ਲਈ ਵਿਦਿਆਰਥੀ ਦੀ ਤਰੱਕੀ ਨੂ ਮਾਪੇਗਾ।

ਟਾਇਟਲ 1, ਪਾਰਟ A ਬਾਰੇ ਜ਼ਿਆਦਾ ਜਾਣਕਾਰੀ ਲਈ, ਔਨਲਾਇਨ ਸਾਡੀ ਵੈੱਬਸਾਈਟ 'ਤੇ ਜਾਓ:

**http://www.k12.wa.us/TitleI**